# ਰੋਜਾਨਾ ਕਰਾਇਮ ਰਿਪੋਰਟ ਮਿਤੀ 23.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਬਰੀਵਾਲਾ | 56 ਮਿਤੀ 22.07.2024 ਅ/ਧ 281,106(2),324(4) ,324(5) BNS | ਬਰੀਵਾਲਾ | ਬਰਬਿਆਨ ਲਖਵਿੰਦਰ ਸਿੰਘ ਪੁੱਤਰ ਕੌਰ ਸਿੰਘ ਵਾਸੀ ਬਰੀਵਾਲਾ | ਨਾ ਮਲੂਮ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮਿਤੀ 21.7.24 ਨੂੰ ਮੈਂ ਅਤੇ ਮੇਰਾ ਛੋਟਾ ਭਾਈ ਅੰਗਰੇਜ ਸਿੰਘ ਜੋ ਮੋਟਰਸਾਈਕਲ ਨੰਬਰੀ PB 09 3173 ਰੰਗ ਕਾਲਾ ਸਪਲੈਂਡਰ ਸਵਾਰ ਹੋ ਕੇ ਨੈਸ਼ਨਲ ਵਰਕਸ਼ਾਪ ਦੇ ਕੋਲ ਆਏ ਸੀ ਤਾਂ ਮੈਂ ਉੱਥੇ ਉਤਰ ਗਿਆ ਤੇ ਮੇਰਾ ਭਾਈ ਮੋਟਰਸਾਈਕਲ ਪਰ ਸਵਾਰ ਹੋ ਕੇ ਥੋੜੀ ਦੂਰ ਹੀ ਗਿਆ ਸੀ ਤਾਂ ਸਾਹਮਣੇ ਤੋ ਇੱਕ ਪਿੱਕ ਅੱਪ ਗੱਡੀ ਆਈ ਜਿਸ ਦਾ ਡਰਾਈਵਰ ਗੱਡੀ ਬੜੀ ਤੇਜ ਤੇ ਲਾਪ੍ਰਵਾਹੀ ਨਾਲ ਚਲਾ ਰਿਹਾ ਸੀ ਜਿਸ ਨੇ ਤੇਜ ਰਫਤਾਰ ਗੱਡੀ ਲਿਆ ਕੇ ਮੇਰੇ ਭਾਈ ਦੇ ਮੋਟਰਸਾਈਕਲ ਵਿੱਚ ਮਾਰੀ , ਜਿਸ ਨਾਲ ਮੇਰੇ ਭਾਈ ਅੰਗਰੇਜ ਸਿੰਘ ਦੇ ਕਾਫੀ ਸੱਟਾਂ ਲੱਗੀਆਂ ਤੇ ਮੋਟਰਸਾਈਕਲ ਦਾ ਵੀ ਕਾਫੀ ਨੁਕਸਾਨ ਹੋ ਗਿਆ। ਮੈ ਸਵਾਰੀ ਦਾ ਪ੍ਰਬੰਧ ਕਰਕੇ ਅੰਗਰੇਜ ਸਿੰਘ ਨੂੰ ਦਿੱਲੀ ਹਾਰਟ ਇਸਟੀਚਿਊਟ ਮਲਟੀ ਸਪੈਸ਼ਲਿਸਟ ਹਸਪਤਾਲ ਬਠਿੰਡਾ ਦਾਖਲ ਕਰਵਾਇਆ ਜਿੱਥੇ ਡਾਕਟਰ ਸਾਹਿਬ ਮੇਰੇ ਭਾਈ ਅੰਗਰੇਜ ਸਿੰਘ ਨੂੰ ਮ੍ਰਿਤਕ ਇਕਰਾਰ ਦਿੱਤਾ। ਮੇਰੇ ਭਾਈ ਦੀ ਮੌਤ ਨਾ ਮਲੂਮ ਡਰਾਈਵਰ ਨੇ ਤੇਜ ਰਫਤਾਰ ਅਤੇ ਲਾਪ੍ਰਵਾਹੀ ਨਾਲ ਮੋਟਰਸਾਈਕਲ ਵਿੱਚ ਮਾਰੀ ਹੈ। ਜਿਸ ਕਰਕੇ ਮੇਰੇ ਭਾਈ ਦੀ ਮੌਤ ਹੋਈ ਹੈ। ਜਿਸ ਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | | ਸ:ਥ ਹਰਵਿੰਦਰ ਸਿੰਘ |
| 2 | ਕਬਰਵਾਲਾ | 74 ਮਿਤੀ 22.07.2024 ਅ/ਧ 61/1/14 EX ACT | ਪਿੰਡ ਰਾਣੀਵਾਲਾ | ਸ:ਥ ਗੁਰਇਕਬਾਲ ਸਿੰਘ | ਸਤਨਾਮ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਰਾਣੀਵਾਲਾ | ਬਰਜਮਾਨਤ ਰਿਹਾਅ | ਸਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਸ:ਥ: ਗੁਰਇਕਬਾਲ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਪਿੰਡ ਮੋਹਲਾ ਤੋ ਰਾਣੀਵਾਲਾ ਨੂੰ ਜਾ ਰਹੇ ਸ ਪਿੰਡ ਮੋਹਲਾ ਤੋ 02 ਕਿਲੋਮੀਟਰ ਅੱਗੇ ਸੜਕ ਪਰ ਨੌਜਵਾਨ ਆਉਦਾਂ ਦਿਖਾਈ ਦਿੱਤਾ। ਜਿਸਦੇ ਹੱਥ ਵਿਚ ਕੈਨੀ ਪਲਾਸਟਿਕ ਫੜੀ ਹੋਈ ਸੀ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਇੱਕਦਮ ਪਿੱਛੇ ਮੁੱੜਣ ਲੱਗਾ ਜਿਸਨੂੰ ਸ:ਥ: ਗੁਰਇਕਬਾਲ ਸਿੰਘ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸਨੇ ਆਪਣਾ ਨਾਮ ਸਤਨਾਮ ਸਿੰਘ ਪੁੱਤਰ ਬੂੱਟਾ ਸਿੰਘ ਵਾਸੀ ਪਿੰਡ ਰਾਣੀਵਾਲਾ ਦੱਸਿਆ।ਜਿਸਦੀ ਕੈਨੀ ਪਲਾਸਟਿਕ ਦੀ ਤਲਾਸ਼ੀ ਕਰਨ ਪਰ 09 ਬੋਤਲਾ ਸ਼ਰਾਬ ਨਜੈਜ ਬ੍ਰਾਮਦ ਹੋਈ ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | 09 ਬੋਤਲਾਂ ਸ੍ਰਰਾਬ ਨਜੈਜ | ਸ:ਥ ਗੁਰਇਕਬਾਲ ਸਿੰਘ |
| 3 | ਲੰਬੀ | 117 ਮਿਤੀ 22.07.2024 ਅ/ਧ 325,323,34 IPC | ਪਿੰਡ ਫਤੂਹੀਖੇੜਾ ਮਿਤੀ 12.06.2024 | ਮਹਿੰਦਰ ਕੌਰ ਪਤਨੀ ਹਰਬੰਸ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਫਤੂਹੀ ਖੇੜਾ | 1. ਜਸਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ<br>2. ਰਾਜੂ ਕੌਰ ਪਤਨੀ ਜਸਪ੍ਰੀਤ ਸਿੰਘ<br>3. ਸੋਮਾ ਪਤਨੀ ਦਰਸ਼ਨ ਸਿੰਘ ਵਾਸੀਆਨ ਪਿੰਡ ਫਤੂਹੀ ਖੇੜਾ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਇੱਕ MLR ਨੰਬਰ BS/95/LAMBI/2024 ਅਜਾਨੇ ਹਰਬੰਸ ਸਿੰਘ ਮੋਸੂ਼ਲ ਥਾਣਾ ਹੋਈ, ਜਿਸ ਸਬੰਧੀ ਪਹਿਲਾ ਰਪਟ ਨੰਬਰ 035 ਮਿਤੀ 13.06.2024 ਅ/ਧ 323,34 ਆਈ ਪੀ ਸੀ ਬਰਬਿਆਨ ਮਹਿੰਦਰ ਕੌਰ ਪਤਨੀ ਹਰਬੰਸ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਫਤੂਹੀਖੇੜਾ ਦੇ ਦਰਜ ਰੋਜਨਾਮਚਾ ਕੀਤੀ ਗਈ ਸੀ ਅੱਜ ਉਕਤ MLR ਸਬੰਧੀ ਐਕਸਰੇ ਰਿਪੋਰਟ ਨੰਬਰੀ MLX-48 ਮਿਤੀ 22.07.2024 ਅਜਾਨੇ ਹਰਬੰਸ ਸਿੰਘ ,MLR No. BS/95/LAMBI/2024 ਅਜਾਨੇ ਹਰਬੰਸ ਸਿੰਘ ਮੋਸੂ਼ਲ ਥਾਣਾ ਹੋਈ, MLR ਨੰਬਰੀ ਉਕਤ ਵਿੱਚ ਡਾਕਟਰ ਸਾਹਿਬ ਨੇ ਸੱਟ ਨੂੰ ਗਰੀਵੀਅਸ ਇੰਨ ਨੇਚਰ ਡਿਕਲੇਅਰਡ ਕੀਤਾ ਹੈ ਜਿਸ ਤੋ ਸੂਰਤ ਜੁਰਮ ਅ/ਧ 325 IPC ਦਾ ਹੋਣਾ ਪਾਇਆ ਜਾਦਾ ਹੈ। ਜਿਸ ਤੇ ਮੁਕਦਮਾ ਨੰਬਰ 117 ਮਿਤੀ 22.07.2024 ਦਰਜ ਕੀਤਾ ਗਿਆ। | | ਸ:ਥ ਹਰਦੀਪ ਸਿੰਘ |
| 4 | ਸਦਰ ਮਲੋਟ | 74 ਮਿਤੀ 22.07.2024 ਅ/ਧ 118(1),115(2), 3(5) BNS | ਪਿੰਡ ਤਰਖਾਣਵਾਲਾ | ਜਗਮੀਤ ਸਿੰਘ ਪੁੱਤਰ ਬੱਲਾ ਸਿੰਘ ਪੁੱਤਰ ਗੰਨਸਾ ਸਿੰਘ ਵਾਸੀ ਪਿੰਡ ਤਰਖਾਣਵਾਲਾ | 1. ਜਗਸੀਰ ਸਿੰਘ ਪੁਤਰ ਪ੍ਰੀਤ ਸਿੰਘ<br>2. ਯਾਦ ਸਿੰਘ ਪੁੱਤਰ ਗੋਗੜ ਸਿੰਘ<br>3. ਬੱਬੂ ਕੌਰ ਪਤਨੀ ਗੋਗੜ ਸਿੰਘ ਵਾਸੀਆਨ ਪਿੰਡ ਤਰਖਾਣਵਾਲਾ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਇੱਕ ਬਿਆਨ ਅਜਾਨੇ ਜਗਮੀਤ ਸਿੰਘ ਪ੍ਰੱਤਰ ਬੱਲਾ ਮੌਸੂਲ ਥਾਣਾ ਹੋਇਆ ਕਿ ਜਗਮੀਤ ਸਿੰਘ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਮੇਹਨਤ ਮਜਦੂਰੀ ਦਾ ਕੰਮ ਕਰਦਾ ਹਾਂ ਮਿਤੀ 20/07/2024 ਨੂੰ ਉਹ ਆਪਣੇ ਲੜਕੇ ਸ਼ਿਵਕਰਨ ਸਿੰਘ ਉਮਰ ਕਰੀਬ 09 ਸਾਲ ਨੂੰ ਸਕੂਲ ਤੋਂ ਘਰ ਨੂੰ ਲੈ ਕੇ ਜਾ ਰਿਹਾ ਸੀ ਤਾਂ ਜਦ ਵਕਤ ਕਰੀਬ 3-00 ਦੁਪਹਿਰ ਦਾ ਹੋਵੇਗਾ ਕਿ ਉਹ ਸਮੇਤ ਉਸਦੇ ਲੜਕਾ ਸ਼ਿਵਕਰਨ ਸਿੰਘ ਦੇ ਉਹ ਜਗਸੀਰ ਸਿੰਘ ਵਾਲੀ ਗਲੀ ਦੇ ਸਾਹਮਣੇ ਸ਼ੇਰਗੜ ਅੱਡਾ ਪਿੰਡ ਤਰਖਾਣਵਾਲਾ ਪ੍ਰੁਜਾ ਤਾਂ ਜਗਸੀਰ ਸਿੰਘ ਪ੍ਰੱਤਰ ਪ੍ਰੀਤ ਸਿੰਘ ਖਾਲੀ ਹੱਥ, ਯਾਦ ਸਿੰਘ ਪ੍ਰੱਤਰ ਗੋਗੜ ਸਿੰਘ ਮੁਸੱਲਾ ਕਾਪਾ ਤੇ ਬੱਬੂ ਕੌਰ ਪਤਨੀ ਗੋਗੜ ਸਿੰਘ ਵਾਸੀਆਨ ਤਰਖਾਨਵਾਲਾ ਖੜੇ ਸੀ ਤਾਂ ਮੈਨੂੰ ਗਾਲੀ ਗਲੋਚ ਕਰਨ ਲੱਗ ਪਏ ਤਾਂ ਜਦ ਜਗਮੀਤ ਸਿੰਘ ਉਕਤ ਨੇ ਇਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਸਨੂੰ ਬੱਬੂ ਕੌਰ ਅਤੇ ਜਗਸੀਰ ਸਿੰਘ ਨੇ ਫੜ ਲਿਆ ਅਤੇ ਯਾਦ ਸਿੰਘ ਨੇ ਉਸਦੇ ਲਗਾਤਾਰ 02 ਵਾਰ ਕਾਪੇ ਦੇ ਕੀਤੇ ਜੋ ਉਸਦੇ ਸਿਰ ਦੇ ਪਿਛਲੇ ਪਾਸੇ ਵੱਜੇ ਤਾਂ ਉਹ ਥੱਲੇ ਡਿੱਗ ਪਿਆ ਤਾਂ ਬੱਬੂ ਕੋਰ ਨੇ ਉੱਥੋਂ ਇੱਟ ਚੁੱਕ ਕੇ ਉਸਦੇ ਮਾਰੀ ਜੋ ਵੀ ਮੇਰੇ ਸਿਰ ਦੇ ਪਿਛਲੇ ਪਾਸੇ ਵੱਜੀ ਤੇ ਜਗਮੀਤ ਸਿੰਘ ਉਕਤ ਨੇ ਮਾਰਤਾ ਮਾਰਤਾ ਦਾ ਰੌਲਾ ਪਾਇਆ ਤਾਂ ਇਹ ਸਾਰੇ ਜਣੇ ਮੌਕਾ ਤੋਂ ਚਲੇ ਗਏ ਆਪਣੇ ਹਥਿਆਰਾਂ ਸਮੇਤ ਫਿਰ ਉਸਦੇ ਭਾਈ ਭੋਲਾ ਪ੍ਰੱਤਰ ਬਲਾ ਸਿੰਘ ਵਾਸੀ ਤਰਖਾਣਵਾਲਾ ਨੇ ਉਸਨੂੰ ਸਵਾਰੀ ਦਾ ਪਰਬੰਧ ਕਰਕੇ ਉਸਨੂੰ ਇਲਾਜ ਲਈ ਸਿਵਲ ਹਸਪਤਾਲ ਮਲੋਟ ਦਾਖਲ ਕਰਾਇਆ ।ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | | ਸ:ਥ ਗੁਰਮੀਤ ਸਿੰਘ |
| 5 | ਸਦਰ ਮਲੋਟ | 75 ਮਿਤੀ 22.07.2024 ਅ/ਧ 303(2),329(3) , 62 BNS | ਪਿੰਡ ਈਨਾਂ ਖੇੜਾ | ਕਾਰਜ ਸਿੰਘ ਪੁੱਤਰ ਟਹਿਲ ਸਿੰਘ ਪੁੱਤਰ ਊਧਮ ਸਿੰਘ ਵਾਸੀ ਢਾਣੀ ਈਨਾ ਖੇੜਾ | ਸਤਨਾਮ ਸਿੰਘ ਉਰਫ ਸੱਤਾ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਈਨਾਂ ਖੇੜਾ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਕਾਰਜ ਸਿੰਘ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਖੇਤੀਬਾੜੀ ਦਾ ਕੰਮ ਕਰਦਾ ਹੈ ਉਹਨਾਂ ਦਾ ਢਾਣੀਆਂ ਈਨਾ ਖੇੜਾ ਤੋਂ ਵਿਰਕਾਂ ਰੋਡ ਪਰ ਗੁਰੂਦੁਆਰਾ ਸਰਬ ਸਾਂਝੀ ਵਾਲਤਾ ਬਣਿਆ ਹੋਇਆ ਹੈ । ਜੋ ਗੁਰੂਦੁਆਰਾ ਸਾਹਿਬ ਦੀ ਸਾਂਭ ਸੰਭਾਲ ਲਈ ਕਮੇਟੀ ਬਣੀ ਹੋਈ ਹੈ।ਕਾਰਜ ਸਿੰਘ ਉਕਤ ਉਸ ਕਮੇਟੀ ਦਾ ਪ੍ਰਧਾਨ ਹੈ ਜਿਸ ਵਿੱਚ ਸੁਖਦੇਵ ਸਿੰਘ ਪ੍ਰੱਤਰ ਮਹਿੰਦਰ ਸਿੰਘ ਵਾਸੀ ਈਨਾ ਖੇੜਾ ਜੋ ਬਤੌਰ ਪਾਠੀ ਸੇਵਾ ਕਰਦਾ ਹੈ।ਮਿਤੀ 19/07/2024 ਨੂੰ ਸੁਖਦੇਵ ਸਿੰਘ ਰੋਜਾਨਾ ਦੀ ਤਰਾਂ ਸੁਭਾ ਪਾਠ ਕਰਕੇ ਵਕਤ ਕਰੀਬ 9-00 ਵਜੇ ਸੁਭਾ ਆਪਣੇ ਘਰ ਚਲਾ ਗਿਆ ਸੀ ਅਤੇ ਜਦ ਸ਼ਾਮ ਨੂੰ ਵਕਤ ਕਰੀਬ 5 ਵਜੇ ਸ਼ਾਮ ਨੂੰ ਸੁਖਦੇਵ ਸਿੰਘ ਵਾਪਸ ਗੁਰੂਦੁਆਰਾ ਸਾਹਿਬ ਵਿੱਚ ਆਇਆ ਤਾਂ ਉਸਨੇ ਦੇਖਿਆ ਕਿ ਕਿਸੇ ਵਿਅਕਤੀ ਵੱਲੋਂ ਗੁਰੂ ਘਰ ਦੇ ਦਰਬਾਰ | | ਐਸ ਆਈ ਮਹਿੰਦਰ ਸਿੰਘ |

| | | | | | | | | | |
|---|---|---|---|---|---|---|---|---|---|
| | | | | | | | ਸਾਹਿਬ ਦੇ ਲੱਗੇ ਗੇਟ ਦੇ ਜਿੰਦਰੇ ਨੂੰ ਤੋੜ ਕੇ ਗੁਰੂ ਘਰ ਵਿੱਚ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਹ ਗੱਲ ਗਰੰਥੀ ਸੁਖਦੇਵ ਸਿੰਘ ਨੇ ਕਾਰਜ ਸਿੰਘ ਨੂੰ ਦੱਸੀ ਤਾਂ ਉਹ ਹੁਣ ਤੱਕ ਪੜਤਾਲ ਕਰਦੇ ਰਹੇ ਹਨ ਹੁਣ ਉਹਨਾਂ ਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਗੁਰੂ ਘਰ ਵਿੱਚ ਸਤਨਾਮ ਸਿੰਘ ਉਰਫ ਸੱਤਾ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਈਨਾ ਖੇੜਾ ਨੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ,ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | | |
| 6 | ਸਿਟੀ ਮਲੋਟ | 113 ਮਿਤੀ 22.07.2024 ਅ/ਧ 21,27/61/85 NDPS ACT | ਸ਼ਮਸ਼ਾਨ ਘਾਟ ਲਿੰਕ ਰੋਡ ਪਿੰਡ ਡੱਬਵਾਲੀ ਮੱਲਕੋ-ਕਿ ਪਿੰਡ ਅਬੁੱਲ ਖੁਰਾਣਾ | ਐਸ ਆਈ ਕਰਮਜੀਤ ਕੌਰ ਮੁੱਖ ਅਫਸਰ ਥਾਣਾ ਸਿਟੀ ਮਲੋਟ | 1. ਕੁਲਦੀਪ ਸਿੰਘ ਉਰਫ ਮੰਨੂ ਪੁੱਤਰ ਸਤਪਾਲ ਸਿੰਘ ਪੁੱਤਰ ਬਲਦੇਵ ਸਿੰਘ<br>2. ਸੰਦੀਪ ਸਿੰਘ ਪੁੱਤਰ ਮੇਵਾ ਸਿੰਘ ਪੁੱਤਰ ਗੁਰਜੰਟ ਸਿੰਘ<br>3. ਅਮਨਦੀਪ ਸਿੰਘ ਉਰਫ ਅਮਨਾ ਪੁੱਤਰ ਜਸਕਰਨ ਸਿੰਘ ਪੁੱਤਰ ਕਰਨੈਲ ਸਿੰਘ<br>4. ਤੇਜਪਾਲ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਮਨੋਹਰ ਸਿੰਘ ਵਾਸੀਆਨ ਪਿੰਡ ਅਬੁੱਲ ਖੁਰਾਣਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਜਦ ਮੁੱਖ ਅਫਸਰ ਥਾਣਾ ਸਿਟੀ ਮਲੋਟ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸੰਬੰਧ ਵਿੱਚ ਬੱਸ ਅੱਡਾ ਪਿੰਡ ਅਬੁਲ ਖੁਰਾਣਾ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਹਾਜਰ ਆ ਕੇ ਇਤਲਾਹ ਦਿੱਤੀ ਕਿ ਕੁਲਦੀਪ ਸਿੰਘ ਉਰਫ ਮੰਨੂ ਪੁੱਤਰ ਸਤਪਾਲ ਸਿੰਘ ਪੁੱਤਰ ਬਲਦੇਵ ਸਿੰਘ, ਸੰਦੀਪ ਸਿੰਘ ਪੁੱਤਰ ਮੇਵਾ ਸਿੰਘ ਪੁੱਤਰ ਗੁਰਜੰਟ ਸਿੰਘ, ਅਮਨਦੀਪ ਸਿੰਘ ਉਰਫ ਅਮਨਾ ਪੁੱਤਰ ਜਸਕਰਨ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਤੇਜਪਾਲ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਮਨੋਹਰ ਸਿੰਘ ਵਾਸੀਆਨ ਪਿੰਡ ਅਬੁਲ ਖੁਰਾਣਾ ਜੋ ਸਾਰੇ ਹੀ ਹੈਰੋਇਨ ਦਾ ਨਸ਼ਾ ਕਰਨ ਦੇ ਆਦਿ ਹਨ ਅਤੇ ਇਕਠੇ ਹੋ ਕੇ ਸਮਸ਼ਾਨ ਘਾਟ ਲਿੰਕ ਰੋਡ ਪਿੰਡ ਡੱਬਵਾਲੀ ਮੱਲਕੋ-ਕਿ, ਪਿੰਡ ਅਬੁਲ ਖੁਰਾਣਾ ਵਿੱਚ ਬੈਠ ਕੇ ਹੈਰੋਇਨ ਦਾ ਨਸ਼ਾ ਕਰਦੇ ਹਨ । ਉਕਤਾਨ ਵਿਅਕਤੀ ਅੱਜ ਵੀ ਇਕੱਠੇ ਹੋ ਕੇ ਸਮਸ਼ਾਨ ਘਾਟ ਲਿੰਕ ਰੋਡ ਪਿੰਡ ਡੱਬਵਾਲੀ ਮਲਕੋ-ਕੇ, ਪਿੰਡ ਅਬੁਲ ਖੁਰਾਣਾ ਵਿੱਚ ਬੈਠ ਕੇ ਹੈਰੋਇਨ ਦਾ ਨਸ਼ਾ ਕਰ ਰਹੇ ਹਨ ।ਜੇਕਰ ਹੁਣੇ ਹੀ ਉਹਨਾਂ ਪਰ ਰੇਡ ਕੀਤਾ ਜਾਵੇ ਤਾਂ ਕੁਲਦੀਪ ਸਿੰਘ ਉਰਫ ਮੰਨੂ, ਸੰਦੀਪ ਸਿੰਘ, ਅਮਨਦੀਪ ਸਿੰਘ ਉਰਫ ਅਮਨਾ ਅਤੇ ਤੇਜਪਾਲ ਸਿੰਘ ਉਕਤਾਨ ਸਮਸ਼ਾਨ ਘਾਟ ਲਿੰਕ ਰੋਡ ਪਿੰਡ ਡਬਵਾਲੀ ਮਲਕੋ-ਕਿ, ਪਿੰਡ ਅਬੁਲ ਖੁਰਾਣਾ ਵਿੱਚ ਬੈਠੇ ਹੈਰੋਇਨ ਦਾ ਨਸ਼ਾ ਕਰਦੇ ਕਾਬੂ ਆ ਸਕਦੇ ਹਨ ਅਤੇ ਇਹਨਾਂ ਪਾਸੋ ਹੈਰੋਇਨ ਵੀ ਬਰਾਮਦ ਹੋ ਸਕਦੀ ਹੈ।ਇਤਲਾਹ ਮੋਹਤਬਰ ਅਤੇ ਭਰੋਸੇ ਯੋਗ ਹੋਣ ਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | 03 ਗ੍ਰਾਮ ਹੈਰੋਇਨ | ਐਸ ਆਈ ਕਰਮਜੀਤ ਕੌਰ ਮੁੱਖ ਅਫਸਰ ਥਾਣਾ ਸਿਟੀ ਮਲੋਟ |
| 7 | ਸਦਰ ਸ਼੍ਰੀ ਮੁਕਤਸਰ ਸਾਹਿਬ | 136 ਮਿਤੀ 22.07.2024 ਅ/ਧ 126(2),351(2), 332(C),115(2), 3(5) BNS | ਪਿੰਡ ਰੁਪਾਣਾ | ਸੁਖਦੀਪ ਕੌਰ ਪਤਨੀ ਗੁਰਰਾਜ ਸਿੰਘ ਵਾਸੀ ਪਿੰਡ ਰੁਪਾਣਾ | 1. ਸਾਜਨਦੀਪ ਸਿੰਘ ਪੁੱਤਰ ਸੁਖਰਾਜ ਸਿੰਘ<br>2. ਸੁਖਰਾਜ ਸਿੰਘ ਪੁੱਤਰ ਇੰਦਰ ਸਿੰਘ<br>3. ਅਮਰਜੀਤ ਕੌਰ ਪਤਨੀ ਸੁਖਰਾਜ ਸਿੰਘ<br>4. ਦਲਜੀਤ ਕੌਰ ਪਤਨੀ ਸ਼ਿਵਰਾਜ ਸਿੰਘ<br>5. ਜਸਵਿੰਦਰ ਸਿੰਘ ਉਰਫ ਜੱਸਾ ਪੁੱਤਰ ਬਲਵੰਤ ਸਿੰਘ ਵਾਸੀਆਨ ਪਿੰਡ ਰੁਪਾਣਾ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮੁਦਈ ਦੇ ਬੱਚੇ ਵਿਦੇਸ਼ ਰਹਿੰਦੇ ਹਨ। ਮੁਦਈ ਅਤੇ ਉਸ ਦਾ ਪਤੀ ਪਹਿਲਾ ਚੰਡੀਗੜ ਰਹਿੰਦੇ ਸੀ ਅਤੇ ਮੁਦਈ ਦੇ ਪਤੀ ਦੇ ਦੋ ਛੋਟੇ ਭਰਾ ਸ਼ਿਵਰਾਜ ਸਿੰਘ ਅਤੇ ਸੁਖਰਾਜ ਸਿੰਘ ਹਨ। ਜੋ ਦੋਨੋਂ ਜਾਣੇ ਮੁਦਈ ਦੇ ਪਤੀ ਤੋਂ ਛੋਟੇ ਹਨ ਅਤੇ ਸਾਰੇ ਇਕੱਠੇ ਹੀ ਰਹਿੰਦੇ ਸੀ ਤੇ ਕ੍ਰੀਬ 04 ਮਹੀਨੇ ਪਹਿਲਾ ਉਹਨਾ ਨੇ ਆਪਣੀ ਜਮੀਨ ਜਾਇਦਾਦ ਅਤੇ ਘਰ ਦੀ ਵੰਡ ਰਿਸ਼ਤੇਦਾਰਾ ਨੂੰ ਬੁਲਾ ਕੇ ਕਰ ਲਈ ਸੀ, ਮਿਤੀ 16.07.2024 ਨੂੰ ਵਕਤ ਕ੍ਰੀਬ 06:30 PM ਦਾ ਹੋਵੇਗਾ ਕਿ ਮੁਦਈ ਦਾ ਦਿਉਰ ਸੁਖਰਾਜ ਸਿੰਘ ਦਾ ਲੜਕਾ ਸਾਜਨਦੀਪ ਸਿੰਘ ਜਿਸ ਦੇ ਹੱਥ ਵਿੱਚ ਡੰਡਾ ਫੜਿਆ ਹੋਇਆ ਸੀ ਤੇ ਆਪਣੀ ਘੋੜੀ ਨੂੰ ਲਿਆ ਕੇ ਮੁਦਈ ਦੇ ਘਰ ਵਿੱਚ ਬਣੇ ਪਸ਼ੂਆ ਵਾਲੇ ਕਮਰੇ ਵਿੱਚ ਬੰਨਣ ਲੱਗਾ ਤਾਂ ਮੁਦਈ ਦੇ ਪਤੀ ਨੇ ਉਸਨੂੰ ਆਵਾਜ ਦੇ ਕੇ ਕਿਹਾ ਕਿ ਤੁਸੀ ਆਪਣੇ ਪਸ਼ੂ ਆਪਣੇ ਘਰ ਬੰਨੋ, ਨਹੀ ਤਾਂ ਮੈਂ ਇਹਨਾਂ ਦੇ ਸੰਗਲ ਖੋਲ ਦੇਵਾਂਗਾ । ਐਨੇ ਵਿੱਚ ਮੁਦਈ ਵੀ ਉਹਨਾਂ ਦੇ ਕੋਲ ਆ ਗਈ ਤਾਂ ਸਾਜਨਦੀਪ ਨੇ ਮੁਦਈ ਦੇ ਘਰਵਾਲੇ ਨੂੰ ਗੰਦੀ ਗਾਲ ਕੱਢੀ ਅਤੇ ਆਪਣੇ ਹੱਥ ਵਿੱਚ ਫੜੇ ਡੰਡੇ ਨਾਲ ਉਸ ਦੇ ਪਤੀ ਦੇ ਸਿਰ ਵਿੱਚ ਖੱਬੇ ਪਾਸੇ ਵਾਰ ਕੀਤਾ ਜੋ ਡੰਡਾ ਸਿਰ ਵਿੱਚ ਵੱਜਣ ਨਾਲ ਖੂਨ ਨਿਕਲ ਆਇਆ ਅਤੇ ਐਨੇ ਚ ਰੌਲਾ ਸੁਣ ਕੇ ਉਕਤਾਨ ਸਾਰੇ ਜਣਿਆ ਨੇ ਆ ਕੇ ਮੁਦਈ ਦੇ ਪਤੀ ਕੁੱਟਮਾਰ ਕੀਤੀ ਅਤੇ ਸੱਟਾ ਮਾਰੀਆ ਹਨ ਜਿਸ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | | ਐਸ ਆਈ ਪ੍ਰਿਤਪਾਲ ਸਿੰਘ |
| 8 | ਸਦਰ ਸ਼੍ਰੀ ਮੁਕਤਸਰ ਸਾਹਿਬ | 137 ਮਿਤੀ 22.07.2024 ਅ/ਧ 281,125(A),125 (B),324 (4) BNS | ਕੋਟਕਪੂਰਾ ਰੋਡ ਚੜੇਵਾਨ | ਨਛੱਤਰ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਵੜਿੰਗ | ਹਰਪ੍ਰੀਤ ਸਿੰਘ ਪੁੱਤਰ ਤੇਜਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਦੁਆਰੇਵਾਲਾ ਰੋਡ ਕੋਟਕਪੂਰਾ ਜਿਲ੍ਹਾ ਫਰੀਦਕੋਟ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮੁਦਈ ਉਕਤ ਦਾ ਲੜਕਾ ਮਨਿੰਦਰ ਸਿੰਘ ਜੋ ਡੀ.ਏ.ਵੀ ਪਬਲਿਕ ਸਕੂਲ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਸਕਿਊਰਟੀ ਗਾਰਡ ਕਰੀਬ 3 ਸਾਲ ਤੋਂ ਲੱਗਾ ਹੋਇਆ ਹੈ ਜਿਸਦੀ ਡਿਊਟੀ ਸੁਭਾ ਵਜੇ ਤੋਂ ਸ਼ਾਮ 7 ਵਜੇ ਤੱਕ ਹੁੰਦੀ ਹੈ, ਜੋ ਆਪਣੀ ਡਿਊਟੀ ਖਤਮ ਕਰਨ ਉਪਰੰਤ ਆਪਣੇ ਮੋਟਰਸਾਈਕਲ ਤੇ ਘਰ ਆ ਜਾਂਦਾ ਹੈ । ਇਸ ਤਰਾਂ ਮਿਤੀ 16-07-2024 ਨੂੰ ਮੁਦਈ ਦਾ ਬੇਟਾ ਮਨਿੰਦਰ ਸਿੰਘ ਸੁਭਾ ਪਹਿਲਾਂ ਦੀ ਤਰਾ ਘਰੋਂ ਸਾਡੇ ਮੋਟਰਸਾਈਕਲ ਸੁਪਰ ਸਪਲੈਂਡਰ ਮਾਰਕਾ ਹੀਰੋ ਨੰਬਰੀ PB 18 N 6411 ਮਾਡਲ 2007 ਪਰ ਸਵਾਰ ਹੋ ਕੇ ਆਪਣੀ ਡਿਊਟੀ ਤੇ ਡੀ.ਏ.ਵੀ ਪਬਲਿਕ ਸਕੂਲ ਨੇੜੇ ਯਾਦਗਾਰੀ ਗੇਟ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਗਿਆ ਸੀ ਤਾਂ ਮੁਦਈ ਨੂੰ ਫੋਨ ਤੇ ਰਾਜਾ ਮੈਂਬਰ ਪਿੰਡ ਥਾਂਦੇਵਾਲਾ ਨੇ ਫੋਨ ਕਰਕੇ ਦੱਸਿਆ ਕਿ ਨੇੜੇ ਪਿੰਡ ਚੜੇਵਾਨ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਮੁਦਈ ਦੇ ਲੜਕੇ ਮਨਿੰਦਰ ਸਿੰਘ ਦਾ ਐਕਸੀਡੈਂਟ ਮੋਟਰਸਾਈਕਲ ਕਾਰ ਦਰਮਿਆਨ ਹੋਣ ਕਰਕੇ ਜਿਸਨੂੰ ਗੰਭੀਰ ਸਿਰ ਦੀ ਸੱਟ ਲੱਗਣ ਕਰਕੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲਿਜਾਇਆ ਗਿਆ ਹੈ, ਜਿਸ ਦੀ ਹਾਲਾਤ ਖਤਰੇ ਵਿੱਚ ਹੋਣ ਕਰਕੇ ਨਿਊਰੋਸਪਾਇਨ ਅਤੇ ਟਰੋਮਾ ਸੈਂਟਰ ਬਠਿੰਡਾ ਵਿਖੇ ਦਾਖਲ ਕਰਾਇਆ।ਮਨਿੰਦਰ ਸਿੰਘ ਜੋ ਕਿ ਮਿਤੀ 16-07-2024 ਨੂੰ ਡੀ.ਏ.ਵੀ ਪਬਲਿਕ ਸਕੂਲ ਨੇੜੇ ਯਾਦਗਾਰੀ ਗੇਟ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਤੋਂ ਰੋਜਾਨਾ ਵਾਂਗ ਵਾਪਸ ਆਪਣੀ ਡਿਊਟੀ ਤੋਂ ਬਾਅਦ ਵਾਪਸ ਘਰ ਆ ਰਿਹਾ ਸੀ, ਜੋ ਨੇੜੇ ਪਿੰਡ ਚੜੇਵਾਨ ਮੁੱਖ ਸੜਕ ਕੋਟਕਪੂਰਾ ਰੋਡ ਪਰ ਪੁੱਜਾ ਤਾਂ ਇੱਕ ਕਾਰ ਨੰਬਰੀ PB 04 T 6000 ਜੋ ਕਿ ਸ੍ਰੀ ਮੁਕਤਸਰ ਸਾਹਿਬ ਤੋਂ ਕੋਟਕਪੂਰਾ ਨੂੰ ਜਾ ਰਹੀ ਸੀ, ਜਿਸਨੂੰ ਹਰਪ੍ਰੀਤ ਸਿੰਘ ਚਲਾ ਰਿਹਾ ਸੀ, ਜਿਸਨੇ ਤੇਜ ਰਫਤਾਰੀ, ਅਣਗਿਹਲੀ ਅਤੇ ਲਾਪਰਵਾਹੀ ਨਾਲ ਮੁਦਈ ਦੇ ਬੇਟੇ ਮਨਿੰਦਰ ਸਿੰਘ ਨੂੰ ਪਿੱਛੋਂ ਫੇਟ ਮਾਰ ਕੇ ਹਾਦਸਾ ਕਰਕੇ ਗੰਭੀਰ ਜਖਮੀ ਕਰਕੇ ਮੌਕੇ ਤੋਂ ਫਰਾਰ ਹੋ ਗਿਆ, ਪਰ ਐਕਸੀਡੈਂਟ ਦੌਰਾਨ ਗੱਡੀ ਨੰਬਰੀ ਉਕਤ ਦੀ ਨੰਬਰ ਪਲੇਟ ਮੋਟਰਸਾਈਕਲ ਉਕਤ ਵਿੱਚ ਫਸ ਗਈ, ਜਿਸ ਤੋਂ ਇਹ ਨੰਬਰ ਪੜਿਆ ਗਿਆ।ਜਿਸਦੀ ਅਸੀਂ ਆਪਣੇ ਪੱਧਰ ਤੇ ਪੜਤਾਲ ਕੀਤੀ ਹੈ ਜਿਸ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | | ਸ:ਥ ਰਛਪਾਲ ਸਿੰਘ |

| | | | | | | | | | |
|---|---|---|---|---|---|---|---|---|---|
| 9 | ਗਿੱਦੜਬਾਹਾ | 84 ਮਿਤੀ 22.07.2024 ਅ/ਧ 209 BNS | ਕੋਰਟ ਸ੍ਰੀ ਮੁਕਤਸਰ ਸਾਹਿਬ | ਸ੍ਰੀ ਰਾਜ ਕੁਮਾਰ ਜਿਲ੍ਹਾ ਅਤੇ ਸ਼ੈਸ਼ਨ ਜੱਜ ਸ੍ਰੀ ਮੁਕਤਸਰ ਸਾਹਿਬ | 1. ਰਛਪਾਲ ਸਿੰਘ ਉਰਫ ਮੋਟਾ ਪੁੱਤਰ ਮਿੱਠੂ ਸਿੰਘ ਵਾਸੀ ਹੁਸਨਰ<br>2. ਹੀਰਾ ਸਿੰਘ ਪੁੱਤਰ ਪੰਮਾ ਸਿੰਘ ਵਾਸੀ ਹਾਜੀ ਵਾਲਾ ਸਕੂਲ ਕੋਟਭਾਈ | ਦੋਸ਼ੀ ਨੰ: 01 ਦੀ ਗ੍ਰਿਫਤਾਰੀ ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ CNR No: PBSM010008612020 CIS No:NDPS/66/2020 State of Punjab VS Heera Singh etc. Present: Sh. S.K Kochhar, PP for the State. Accused Krishan Singh on bail in this case but in custody in some other case with Sh. S.S. Mann, Advocate. Accused Heera Singh and Rachpal Singh proclaimed persons. Proclamation against accused Heera Singh and Rachapl Singh under Section 82 of the Code of Criminal Procedure was received back effected. Statement of ASI Mukand Singh recorded to prove his reports Ex.PA/1 and Ex.PA/3 and proclamations Ex.PA and Ex.PA/2 which were effected on 30.05.2024. Proclamation period of more than 30 days has already been elapsed. Case has been called several times but accused Heera Singh and Rachpal Singh have not turned up. This court is satisfied that accused Heera Singh and Rachpal Singh are intentionally not appearing in this court and they have voluntarily concealed themselves. Therefore, accused Heera Singh and Rachpal Singh are declared as Proclaimed Persons. Intimation to this effect be sent to the SHO of the concerned Police Station for entering their names in the relevant record in his police station of Proclaimed Person. Necessary directions be issued to the SHO of concerned Police Station to constitute special police party to apprehend them and proceedings under Section 174A of IPC be also initiated against them. Learned PP is directed to furnish list of their property, so that proceedings under Section 83 of the Code of Criminal Procedure can be initiated against them. Charge in this case has already framed. Now PWs be summoned for 16.09.2024. SD/- Raj Kumar Sessions Judge Sri Muktsar Sahib (UID no.PB0066) Date of hearing: 17.07.2024 Gurlal Singh No. 315+316 -Dated 22/07/2024 Copy of order forwarded to the SHO, P.S. Gidderbaha, for information and n/action . SD/- Reader o/o District & Sessions Judge Sri Muktsar Sahib ਅੱਜ ਥਾਣਾ:- ਹਸਬ ਆਮਦ ਉਕਤ ਆਰਡਰ ਵੱਲੋ ਬਾ-ਅਦਾਲਤ ਸ੍ਰੀ ਰਾਜ ਕੁਮਾਰ ਸ਼ੈਸਨ ਜੱਜ ਸ੍ਰੀ ਮੁਕਤਸਰਥਾਣਾ ਮੋਸੂਲ ਹੋਣ ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | | ਸ:ਥ ਗੁਰਮੀਤ ਸਿੰਘ |
| 10 | ਗਿੱਦੜਬਾਹਾ | 85 ਮਿਤੀ 22.07.2024 ਅ/ਧ 304,115(2), 127(1),190, 191(3) BNS | ਦਰਸ਼ਨ ਡਾਕਟਰ ਵਾਲੀ ਗਲੀ ਗਿੱਦੜਬਾਹਾ | ਦਿਲਰਾਜ ਸਿੰਘ ਉਰਫ ਨਿੱਕਾ ਪੁੱਤਰ ਦਰੋਗਾ ਸਿੰਘ ਪੁੱਤਰ ਖੇਤਾ ਸਿੰਘ ਵਾਸੀ ਪਿੰਡ ਹੁਸਨਰ | 1. ਲਬਾ ਪੁੱਤਰ ਨਾ ਮਲੂਮ ਵਾਸੀ ਹੁਸਨਰ<br>2. ਅਭੀ ਉਰਫ ਸੋਨੂੰ ਪੁੱਤਰ ਪਵਨ ਵਾਸੀ ਸਿੱਖ ਮੁਹੱਲਾ ਗਿੱਦੜਬਾਹਾ<br>3. ਪ੍ਰਿਤਪਾਲ ਸਿੰਘ ਉਰਫ ਨਾਟੀ ਪੁੰਤਰ ਸੁਖਮੰਦਰ ਸਿੰਘ ਵਾਸੀ ਅਮਰਪੁਰਾ ਬਸਤੀ ਗਲੀ ਨੰ: ਢਾਂਈ ਬਠਿੰਡਾ<br>4. ਜਸ਼ਨ ਸਿੰਘ ਪੁੱਤਰ ਮਾਣਕ ਸਿੰਘ ਵਾਸੀ ਪਿਉਰੀ ਰੋਡ ਟਿੱਬਾ ਬਸਤੀ ਗਿੱਦੜਬਾਹਾ<br>5. ਮਾਨਵ ਪੁੱਤਰ ਪਵਨ ਕੁਮਾਰ ਵਾਸੀ ਬਾਲਮਿਕੀ ਮੁਹੱਲਾ ਗਿੱਦੜਬਾਹਾ<br>6. ਸ਼ੰਟੀ ਮਸੱਲਾ ਪੁੱਤਰ ਜਸਵੀਰ ਸਿੰਘ ਵਾਸੀ ਪਿਉਰੀ ਵਾਲਾ ਕੱਚਾ ਰਸਤਾ ਗਿੱਦੜਬਾਹਾ<br>7. ਹਨੀ ਪੁੱਤਰ ਨਾ ਮਲੂਮ ਵਾਸੀ ਕਾਕੂ ਕਰਿਆਣਾ ਸਟੋਰ ਬਾਲਮਿਕੀ ਮੁਹੱਲਾ ਗਿੱਦੜਬਾਹਾ<br>8. ਅਕਾਸ਼ ਪੁੱਤਰ ਨਾ ਮਲੂਮ ਵਾਸੀ ਬੈਟਾਬਾਦ ਗਿੱਦੜਬਾਹਾ<br>9. ਬੱਬੂ ਪੁੱਤਰ ਨਾ ਮਲੂਮ<br>10. ਮਿੱਕੀ ਪੁੱਤਰ ਨਾ ਮਲੂਮ<br>11. ਨਾ ਮਲੂਮ ਵਿਅਕਤੀ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਬਿਆਨ ਅਜਾਨੇ ਦਿਲਰਾਜ ਸਿੰਘ ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾ ਅਤੇ ਛੋਟਾ ਹਾਥੀ ਚਲਾਉਦਾ ਹਾ,ਜਿਸਦਾ ਰਜਿਸਟ੍ਰੇਸ਼ਨ ਨੰਬਰ PB-04AF-7334 ਹੈ। ਮੇਰੇ ਰਿਸ਼ਤੇਦਾਰ ਬਿੱਟੂ ਉਰਫ ਨਿੱਕਾ ਪੁੱਤਰ ਹਰੀ ਰਾਮ ਵਾਸੀ ਸਾਹਮਣੇ ਰੇਲਵੇ ਸਟੇਸ਼ਨ ਖਟੀਕ ਮੁੱਹਲਾ ਗਿੱਦੜਬਾਹਾ ਦੇ ਭਾਣਜੇ ਦੀ ਮੌਤ ਹੋ ਗਈ ਸੀ। ਜਿਸ ਕਰਕੇ ਮਿਤੀ 21.07.2024 ਨੂੰ ਸੁਭਾ ਮੈ ਬਿੱਟੂ ਦੇ ਘਰੋ ਉਸਦੇ ਰਿਸ਼ਤੇਦਾਰਾ ਨੂੰ ਆਪਣੇ ਹਾਥੀ ਵਿੱਚ ਬਿੱਠਾ ਕੇ ਢਾਬਾ ਕੁੱਕਰੀਆ ਤਹਿ: ਮਲੋਟ ਵਿਖੇ ਭੋਗ ਤੇ ਲੈ ਕੇ ਗਿਆ ਸੀ ਅਤੇ ਵਾਪਿਸ ਵਕਤ ਕ੍ਰੀਬ 05:30 ਵਜੇ ਸ਼ਾਮ ਨੂੰ ਆ ਗਏ ਸੀ, ਸਵਾਰੀਆ ਨੂੰ ਦਰਸ਼ਨ ਡਾਕਟਰ ਵਾਲੀ ਗਲੀ ਵਿੱਚ ਲਾ ਦਿੱਤਾ ਸੀ ਤੇ ਮੈ ਦਰਸ਼ਨ ਡਾਕਟਰ ਵਾਲੀ ਗਲੀ ਵਿੱਚੋ ਤੁਰ ਪਿਆ ਤਾ ਅੱਗੋ ਤੋ 15/20 ਵਿਅਕਤੀਆ ਦਾ ਹਜੂਮ ਜਿਨਾ ਵਿੱਚ ਲਬਾ ਮਸੱਲਾ ਕਿਰਪਾਨ ਪੁੱਤਰ ਨਾਮਲੂਮ ਵਾਸੀ ਹੁਸਨਰ, ਅਭੀ ਉਰਫ ਸੋਨੂੰ ਮਸੱਲਾ ਕਿਰਪਾਨ ਪੁੱਤਰ ਪਵਨ ਵਾਸੀ ਸਿੱਖ ਮੁੱਹਲਾ ਗਿੱਦੜਬਾਹਾ, ਪ੍ਰਿਤਪਾਲ ਸਿੰਘ ਉਰਫ ਨਾਟੀ ਮਸੱਲਾ ਸੋਟੀ ਪੁੱਤਰ ਸੁਖਮੰਦਰ ਸਿੰਘ ਵਾਸੀ ਅਮਰਪੁਰਾ ਬਸਤੀ , ਬੱਬੂ ਪੁੱਤਰ ਨਾ ਮਲੂਮ, ਮਿੱਕੀ ਪੁੱਤਰ ਨਾ ਮਲੂਮ, ਜਸ਼ਨ ਸਿੰਘ ਮਸੱਲਾ ਡਾਗ ਪੁੱਤਰ ਮਾਣਕ ਸਿੰਘ ਵਾਸੀ ਪਿਉਰੀ ਰੋਡ ਟਿੱਬਾ ਬਸਤੀ ਗਿੱਦੜਬਾਹਾ, ਮਾਨਵ ਮਸੱਲਾ ਬੇਸਬਾਲ ਪੁੱਤਰ ਪਵਨ ਕੁਮਾਰ ਵਾਸੀ ਬਾਲਮਿਕੀ ਮੁਹੱਲਾ ਗਿੱਦੜਬਾਹਾ, ਸ਼ੰਟੀ ਮਸੱਲਾ ਬੇਸਬਾਲ ਪੁੱਤਰ ਜਸਵੀਰ ਸਿੰਘ ਵਾਸੀ ਪਿਉਰੀ ਵਾਲਾ ਕੱਚਾ ਰਸਤਾ ਗਿੱਦੜਬਾਹਾ, ਹਨੀ ਮਸੱਲਾ ਕਾਪਾ ਪੁੱਤਰ ਨਾਮਲੂਮ ਵਾਸੀ ਨੇੜੇ ਕਾਕੂ ਕਰਿਆਣਾ ਸਟੋਰ ਬਾਲਮਿਕੀ ਮੁਹੱਲਾ ਗਿੱਦੜਬਾਹਾ ਅਤੇ ਅਕਾਸ਼ ਮਸਲਾ ਡਾਂਗ ਪੁੱਤਰ ਨਾਮਾਲੂਮ ਵਾਸੀ ਬੈਂਟਾਬਾਦ ਗਿੱਦੜਬਾਹਾ ਅਤੇ 8/9 ਨਾਮਾਲੂਮ ਵਿਅਕਤੀ ਆਏ, ਜਿਨ੍ਹਾਂ ਨੇ ਮੇਰਾ ਛੋਟਾ ਹਾਥੀ ਰੋਕ ਕੇ ਮੈਨੂੰ ਧੱਕੇ ਨਾਲ ਹਾਥੀ ਵਿੱਚੋਂ ਬਾਹਰ ਖਿੱਚ ਲਿਆ ਅਤੇ ਲਬੀ ਤੇ ਅਭੀ ਨੇ ਮੈਨੂੰ ਧਮਕੀ ਭਰੇ ਲਹਿਜੇ ਵਿੱਚ ਕਿਹਾ ਜੇਕਰ ਤੈਨੂੰ ਆਪਣੀ ਜਾਨ ਪਿਆਰੀ ਹੈ ਤਾਂ ਤੇਰੇ ਪਾਸ ਜੋ ਕੁੱਝ ਹੈ ਸਾਡੇ ਹਵਾਲੇ ਕਰ ਦੇ ਮੇਰੇ ਵੱਲੋਂ ਵਿਰੋਧ ਕਰਨ ਤੇ ਲੱਬਾ ਸਿੰਘ ਨੇ ਦਸਤੀ ਕਿਰਪਾਨ ਦਾ ਵਾਰ ਮੇਰੀ ਸੱਜੀ ਬਾਂਹ ਤੇ ਕੂਹਣੀ ਦੇ ਅੰਦਲੇ ਪਾਸੇ ਕੀਤਾ। ਫਿਰ ਅਭੀ ਨੇ ਆਪਣੀ ਕਿਰਪਾਨ ਦਾ ਵਾਰ ਮੇਰੇ ਸੱਜੇ ਮੋਢੇ ਪਰ ਕੀਤਾ। ਤੀਜਾ ਵਾਰ ਬੇਸਬਾਲ ਦਾ ਸ਼ੰਟੀ ਉਕਤ ਨੇ ਮੇਰੇ ਸੱਜੇ ਡੋਲੇ ਤੇ ਕੀਤਾ ਤਾਂ ਮੈਂ ਥੱਲੇ ਡਿੱਗ ਪਿਆ, ਡਿੱਗੇ ਪਏ ਦੇ ਪ੍ਰਿਤਪਾਲ ਉਰਫ ਨਾਟੀ ਨੇ ਸੋਟੀ ਦਾ ਵਾਰ ਮੇਰੇ ਖੱਬੇ ਡੋਲੇ ਪਰ ਕੀਤਾ। ਫਿਰ ਮਾਨਵ ਨੇ ਬੇਸਬਾਲ ਦਾ ਵਾਰ ਮੇਰੀ ਸੱਜੀ ਵੱਖੀ ਦੇ ਪਿੱਛਲੇ ਪਾਸੇ ਕੀਤਾ। ਫਿਰ ਜਸ਼ਨ ਸਿੰਘ ਨੇ ਆਪਣੀ ਡਾਂਗ ਦਾ ਵਾਰ ਮੇਰੀ ਸੱਜੇ ਲੱਤ ਦੇ ਗੋਢੇ ਤੇ ਮਾਰਿਆ। ਬਾਕੀ ਬੰਦਿਆਂ ਨੇ ਮੇਰੀ ਖਿੱਚ੍ਹਧੂਹ ਕੀਤੀ ਅਤੇ ਇਨ੍ਹਾਂ ਨੇ ਮੇਰੀ ਛੋਟੇ ਹਾਥੀ ਨੰਬਰੀ ਉਕਤ ਦੀ ਵੀ ਭੰਨਤੋੜ ਕੀਤੀ। ਮੈਂ ਮਾਰਤ੍2 ਦਾ ਰੋਲਾ ਪਾਇਆ ਤਾਂ ਲੋਕਾਂ ਦਾ ਇਕੱਠ ਹੁੰਦਾ ਦੇਖ ਕੇ ਉਕਤਾਨ ਦੋਸ਼ੀਆਨ ਮੇਰੇ ਗੱਲ ਵਿੱਚ ਪਾਇਆ ਹੋਇਆ ਮੇਰਾ ਛੋਟਾ ਬੈਗ, ਜਿਸ ਵਿੱਚ 6200 ਰੁ ਨਗਦ, ਛੋਟੇ ਹਾਥੀ ਦੀ RC ਸਮੇਤ ਕਾਗਜਾਤ ਸਨ, ਡਰਾ ਧਮਕਾ ਕੇ ਹਥਿਆਰਾਂ ਦਾ ਡਰ ਵਿਖਾ ਕੇ ਮੇਰਾ ਬੈਗ ਧੱਕੇ ਨਾਲ ਖੋਹ ਕੇ ਭੱਜ ਗਏ।ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ | | ਸ:ਥ ਗੁਰਤੇਜ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ